

## ਡਾ. ਗੁਲਜ਼ਾਰ ਚੀਮਾ, ਫ਼ੈਮਲੀ ਡਾਕਟਰ

ਡਾ. ਗੁਲਜ਼ਾਰ ਸਿੰਘ ਚੀਮਾ, ਐਮ.ਬੀ.ਬੀ.ਐਸ. ; ਐੱਲ.ਐੱਮ .ਸੀ.ਸੀ ; ਸੀ.ਸੀ ਐੱਫ.ਪੀ, ਮਈ 2001 ਵਿੱਚ ਸਰੀ-ਪੈਨੋਰਮਾ ਰਿੱਜ ਹਲਕੇ ਦੀ ਨੁਮਾਇੰਦਗੀ ਕਰਨ ਲਈ ਚੁਣੇ ਗਏ ਸਨ। 05 ਜੂਨ, 2001 ਨੂੰ, ਡਾ ਗੁਲਜ਼ਾਰ ਚੀਮਾ, ਮਾਨਸਕ ਸਿਹਤ ਰਾਜ ਮੰਤਰੀ ਦੇ ਤੌਰ 'ਤੇ ਬੀ ਸੀ ਸਰਕਾਰ ਦੀ ਕਾਰਜਕਾਰੀ ਪ੍ਰੀਸ਼ਦ ਦੇ ਮੈਂਬਰ ਨਿਯੁਕਤ ਕੀਤੇ ਗਏ ਸਨ। 26 ਜਨਵਰੀ, 2004 ਨੂੰ, ਉਹ ਇਮੀਗ੍ਰੇਸ਼ਨ ਅਤੇ ਮਲਟੀਕਲਚਰਲ ਸਰਵਿਸਿਜ਼ ਰਾਜ ਮੰਤਰੀ ਦੇ ਤੌਰ ਤੇ ਵੀ ਨਿਯੁਕਤ ਕੀਤੇ ਗਏ ਸਨ।

ਉਹ ਪੰਜ ਸਾਲ ਲਈ ਮੈਨੀਟੋਬਾ ਵਿੱਚ ਵਿਧਾਨ ਸਭਾ ਦੇ ਮੈਂਬਰ ਰਹੇ ਅਤੇ ਸਿਹਤ ਦੇ ਆਲੋਚਕ ਦੇ ਤੌਰ ਤੇ ਸੇਵਾ ਨਿਭਾਈ। ਉਹਨਾਂ ਨੇ ਵਿਨੀਪੈੱਗ ਅਤੇ ਦਿਹਾਤੀ ਮੈਨੀਟੋਬਾ ਵਿੱਚ ਡਾਕਟਰੀ ਵੱਜੋਂ ਕੰਮ ਵੀ ਕੀਤਾ ਹੈ । ਉਹਨਾਂ ਨੇ ਡਾਕਟਰੀ ਅਤੇ ਸਰਜਰੀ ਵਿੱਚ ਬੈਚਲਰ ਦੀ ਡਿਗਰੀ ਭਾਰਤ ਦੀ ਪੰਜਾਬ ਯੂਨੀਵਰਸਿਟੀ ਤੋਂ ਹਾਸਲ ਕੀਤੀ । ਉਹਨਾਂ ਨੇ ਯੂਨੀਵਰਸਿਟੀ ਔਫ਼ ਨਿਊਫਾਉਂਡਲੈਂਡ ਵਿੱਚ ਇਨਟਰਨ ਵੱਜੋਂ ਕੰਮ ਕੀਤਾ ਅਤੇ ਸੈਸਕਾਟੂਨ ਯੂਨੀਵਰਸਿਟੀ ਹਸਪਤਾਲ ਦੇ ਵਿੱਚ ਰੈਜ਼ੀਡੈਂਟ ਰਹੇ। 1992 ਵਿੱਚ ਉਨ੍ਹਾਂ ਨੂੰ ਭਾਈਚਾਰੇ ਦੀ ਸੇਵਾ ਲਈ ਕੈਨੇਡਾ ਦੇ 125 ਮੈਡਲ ਨਾਲ ਸਨਮਾਨਤ ਕੀਤਾ ਗਿਆ। ਭਾਈਚਾਰੇ ਦੀ ਸਿਹਤ ਅਤੇ ਤੰਦਰੁਸਤੀ ਨੂੰ ਪ੍ਰਫੁੱਲਤ ਕਰਨ ਲਈ, ਡਾ. ਚੀਮਾ ਸਥਾਨਕ ਮਲਟੀਕਲਚਰਲ ਰੇਡੀਉ ਸ਼ੋਅ ਵਿੱਚ ਹਫ਼ਤਾਵਾਰੀ ਹਿੱਸਾ ਲੈਂਦੇ ਹਨ।

**ਸੈਸ਼ਨ:** **ਕਾਰਡੀਓਵੈਸਕੁਲਰ ਖਤਰਾ ਨੂੰ ਘਟਾਉਣਾ: ਤੁਹਾਡੇ ਲੰਮੇ ਸਮੇਂ ਦੀਆਂ ਬਿਮਾਰੀਆਂ ਦਾ ਪ੍ਰਬੰਧਨ ਕਰਨਾ**

**ਉਦੇਸ਼**

1. ਕੋਲੈਸਟ੍ਰੋਲ ਅਤੇ ਦਿਲ ਦੀ ਬਿਮਾਰੀ ਕਿਵੇਂ ਸਬੰਧਤ ਹੈ
2. ਸ਼ੂਗਰ ਅਤੇ ਦਿਲ ਦੀ ਬਿਮਾਰੀ ਕਿਵੇਂ ਸਬੰਧਤ ਹੈ
3. ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਬਿਮਾਰੀ ਕਿਵੇਂ ਸਬੰਧਿਤ ਹੈ
4. ਖੁਰਾਕ, ਸਿਗਰਟਨੋਸ਼ੀ ਅਤੇ ਸ਼ਰਾਬ ਦਾ ਦਿਲ ਦੀ ਬਿਮਾਰੀ ਪੈਦਾ ਕਰਨ ਵਿੱਚ ਕੀ ਪ੍ਰਭਾਵ ਪੈਂਦਾ ਹੈ?

**ਤਾਰੀਖ਼:** ਸਨਿੱਚਰਵਾਰ, ਮਾਰਚ 9, 2024